**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ,ਪੰਜਾਬ**
**ਪੀ.ਐਸ.ਈ.ਬੀ.ਕੰਪਲੈਕਸ,ਈ-ਬਲਾਕ,ਪੰਜਵੀਂ ਮੰਜਿਲ, ਫੇਜ-8,ਐਸ.ਏ.ਐਸ ਨਗਰ।**
**ਵੈਬ-ਸਾਈਟ:- www.educationrecruitmentboard.com**

---

## ਪਬਲਿਕ ਨੋਟਿਸ

ਸਿੱਖਿਆ ਭਰਤੀ ਬੋਰਡ ਨੇ ਅਜਿਹੇ ਸਾਰੇ ਉਮੀਦਵਾਰਾਂ ਦੀਆਂ ਯੋਗਤਾਵਾਂ ਸਬੰਧੀ ਵੇਰਵੇ ਮੰਗਣ ਦਾ ਫੈਸਲਾ ਲਿਆ ਹੈ, ਜਿਹਨਾਂ ਉਮੀਦਵਾਰਾਂ ਨੇ 5178 ਪੇਂਡੂ ਸਹਿਯੋਗੀ ਅਧਿਆਪਕਾਂ ਦੀ ਭਰਤੀ ਦੌਰਾਨ ਕੀਤੀਆਂ ਗਈਆਂ ਅਸਲ ਦਸਤਾਵੇਜ਼ਾਂ ਦੀਆਂ ਸਕਰੂਟਨੀਆਂ ਦੌਰਾਨ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ / ਸਰਟੀਫਿਕੇਟ ਪੇਸ਼ ਕੀਤੇ ਹਨ।ਉਹਨਾਂ ਸਾਰੇ ਉਮੀਦਵਾਰਾਂ ਨੂੰ ਮਿਤੀ 21-08-2014 ਤੋਂ 22-08-2014 ਤੱਕ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, 3ਬੀ-1, ਐਸ.ਏ.ਐਸ ਨਗਰ ਵਿਖੇ ਸੱਦਾ ਦਿੱਤਾ ਜਾਂਦਾ ਹੈ।ਸਾਰੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤੇ ਪ੍ਰੋਫਾਰਮੇ ਨੂੰ ਸਾਫ-ਸਾਫ ਭਰ ਕੇ, ਆਪਣੀ ਪਾਸਪੋਰਟ ਸਾਈਜ ਦੀਆਂ 2 ਫੋਟੋਆਂ ਅਤੇ ਸਾਰੀਆਂ ਵਿਦਿਅਕ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਿੱਜੀ ਤੌਰ ਤੇ ਨਾਲ ਲੈ ਕੇ ਆਉਣ।

ਨੋਟ:-

1. ਜਿਹੜੇ ਉਮੀਦਵਾਰਾਂ ਵੱਲੋਂ ਮਿਤੀ 04-08-2014 ਨੂੰ ਸਵੈ-ਘੋਸ਼ਣਾ / ਤਸਦੀਕੀ ਪ੍ਰੋਫਾਰਮਾ ਸਬੰਧਤ ਸਬ-ਕਮੇਟੀ ਕੋਲ ਭਰ ਕੇ ਜਮਾਂ ਕਰਵਾਇਆ ਗਿਆ ਹੈ, ਉਹਨਾਂ ਉਮੀਦਵਾਰਾਂ ਨੂੰ ਉਕਤ ਮਿਤੀਆਂ ਨੂੰ ਆਉਣ ਦੀ ਲੋੜ ਨਹੀਂ ਹੈ।
2. ਕੇਵਲ ਉਹੀਂ ਉਮੀਦਵਾਰ ਮਿਤੀ 21-08-2014 ਤੋਂ 22-08-2014 ਤੱਕ ਹਾਜ਼ਰ ਹੋਣ, ਜਿਹਨਾਂ ਵੱਲੋਂ ਦਸਤਾਵੇਜ਼ਾਂ ਦੀ ਸਕਰੂਟਨੀ ਦੌਰਾਨ ਪੰਜਾਬ ਰਾਜ ਤੋਂ ਬਾਹਰਲੇ ਰਾਜ਼ਾਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ ਪੇਸ਼ ਕੀਤੀਆਂ ਹਨ।

ਅੰਜਲੀ ਭਾਵੜਾ

**ਚੇਅਰਪਰਸਨ,ਸਿੱਖਿਆ ਭਰਤੀ ਬੋਰਡ-ਕਮ-**
**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ,ਪੰਜਾਬ।**